ੴ ਵਾਹਿਗੁਰੂ ਜੀ ਕੀ ਫਤਹਿ॥

# ਧਰਮ ਪ੍ਰਚਾਰ ਕਮੇਟੀ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ

### ਧਾਰਮਿਕ ਪ੍ਰੀਖਿਆ ਲੈ ਕੇ ਵਜ਼ੀਫਾ ਦੇਣ ਬਾਰੇ

# ਨਿਯਮ

ਧਾਰਮਿਕ ਪ੍ਰੀਖਿਆ ਹਰ ਸਾਲ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ:ਪ੍ਰ: ਕਮੇਟੀ) ਦੇ ਪ੍ਰਬੰਧ ਹੇਠ ਹੋਇਆ ਕਰੇਗੀ। ਇਸ ਪ੍ਰੀਖਿਆ ਦੇ ਚਾਰ ਦਰਜੇ ਹੋਣਗੇ।

| | | |
|---|---|---|
| ਪਹਿਲਾ ਦਰਜ਼ਾ | - | ਅੱਠਵੀਂ ਤੱਕ |
| ਦੂਜਾ ਦਰਜ਼ਾ | - | ਨੌਵੀਂ ਤੋਂ 10+2 ਤੱਕ |
| ਤੀਜਾ ਦਰਜ਼ਾ | - | ਟੀ.ਡੀ.ਸੀ. 1 ਤੋਂ ਟੀ.ਡੀ.ਸੀ. 3 ਤੱਕ |
| ਚੌਥਾ ਦਰਜ਼ਾ | - | ਪੋਸਟ ਗਰੈਜੂਏਸ਼ਨ |

ਸਕੂਲਾਂ/ਕਾਲਜਾਂ ਵਿਚ ਪੜ੍ਹਦੇ ਧਾਰਮਿਕ ਪ੍ਰੀਖਿਆ ਵਿਚ ਪ੍ਰਵੇਸ਼ ਕਰਨ ਵਾਲੇ ਵਿਦਿਆਰਥੀ ਪਾਸੋਂ ਹੇਠ ਲਿਖੇ ਅਨੁਸਾਰ ਦਾਖਲਾ ਫੀਸ ਲਈ ਜਾਵੇਗੀ:-

| | | |
|---|---|---|
| ਪਹਿਲਾ ਦਰਜ਼ਾ | - | 05) × ਰੁਪਏ |
| ਦੂਜਾ ਦਰਜ਼ਾ | - | 10) × ਰੁਪਏ |
| ਤੀਜਾ ਦਰਜ਼ਾ | - | 15) × ਰੁਪਏ |
| ਚੌਥਾ ਦਰਜ਼ਾ | - | 20) × ਰੁਪਏ |

ਦਾਖਲਾ ਫਾਰਮ, ਦਫਤਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ:ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਪਾਸੋਂ ਮੁਫਤ ਮੰਗਵਾਇਆ ਜਾ ਸਕਦਾ ਹੈ:-

# ਵਜ਼ੀਫੇ

ਪ੍ਰੀਖਿਆ ਦੇ ਨਤੀਜੇ ਦੇ ਅਧਾਰ ਤੇ ਹਰ ਦਰਜੇ ਦੇ ਚੋਟੀ ਦੇ ਵਿਦਿਆਰਥੀਆਂ ਨੂੰ ਹੇਠ ਲਿਖੀ ਰਕਮ ਦੇ ਇੱਕ ਸਾਲਾ ਵਜ਼ੀਫੇ ਅਤੇ ਸਰਟੀਫਿਕੇਟ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ:ਪ੍ਰ: ਕਮੇਟੀ) ਵੱਲੋਂ ਦਿੱਤੇ ਜਾਣਗੇ:-

| ਦਰਜਾ ਪ੍ਰੀਖਿਆ | ਮਾਸਿਕ ਵਜ਼ੀਫਾ | ਸਲਾਨਾ ਰਕਮ | ਵਜ਼ੀਫਿਆਂ ਦੀ ਗਿਣਤੀ |
|---|---|---|---|
| ਪਹਿਲਾ ਦਰਜ਼ਾ | 100)× | 1200)× | 250 |
| ਦੂਜਾ ਦਰਜ਼ਾ | 150)× | 1800)× | 250 |
| ਤੀਜਾ ਦਰਜ਼ਾ | 200)× | 2400)× | 200 |
| ਚੌਥਾ ਦਰਜ਼ਾ | 325)× | 4000)× | 50 |

**ਨੋਟ:** ਇਸ ਤੋਂ ਇਲਾਵਾ ਹਰ ਦਰਜੇ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਪੁਰ ਆਉਣ ਵਾਲੇ ਵਿਦਿਆਰਥੀ ਨੂੰ ਉਚੇਚਾ ਇਨਾਮ ਦਿੱਤਾ ਜਾਵੇਗਾ।

# ਸ਼ਰਤਾਂ

ਵਜ਼ੀਫਾ ਪ੍ਰਾਪਤ ਕਰਨ ਦੀਆਂ ਹੇਠ ਲਿਖੀਆਂ ਸ਼ਰਤਾਂ ਹਨ:-

1. ਵਿਦਿਆਰਥੀ ਆਪਣੀ ਪੜ੍ਹਾਈ ਮਨਜ਼ੂਰ-ਸ਼ੁਦਾ ਸਕੂਲ/ਕਾਲਜ ਵਿਚ ਜਾਰੀ ਰਖੇਗਾ।
2. ਪੜ੍ਹਾਈ ਜਾਰੀ ਰੱਖਣ ਤੇ ਚਾਲ-ਚੱਲਣ ਸਬੰਧੀ, ਸਬੰਧਤ ਸੰਸਥਾ ਦੇ ਮੁਖੀ ਦੀ ਤਸਦੀਕ ਸਾਲ ਵਿਚ ਦੋ ਵਾਰੀ ਦਫਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਭੇਜਣਾ, ਵਜ਼ੀਫਾ ਪ੍ਰਾਪਤ ਕਰਨ ਵਾਲੇ ਦਾ ਫਰਜ਼ ਹੋਵੇਗਾ। ਜਿਹੜਾ ਵਿਦਿਆਰਥੀ ਗੌਰਮਿੰਟ ਸਕੂਲ/ਕਾਲਜ ਵਿਚ ਪੜ੍ਹਦਾ ਹੈ, ਉਸਦੀ ਤਸਦੀਕ ਸਕੂਲ/ਕਾਲਜ ਦੇ ਮੁਖੀ ਵੱਲੋਂ ਨਾ ਹੋਣ ਦੀ ਸੂਰਤ ਵਿਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਵੱਲੋਂ ਹੋਣੀ ਜ਼ਰੂਰੀ ਹੈ।
3. ਪੜ੍ਹਾਈ ਵਿਚ ਅਣਗਹਿਲੀ ਕਰਨ, ਸਲਾਨਾ ਇਮਤਿਹਾਨ ਵਿਚ ਫੇਲ ਹੋ ਜਾਣ ਜਾਂ ਮੰਦੇ ਆਚਰਣ ਕਾਰਨ ਵਜ਼ੀਫਾ ਮਨਸੂਖ ਕੀਤਾ ਜਾ ਸਕੇਗਾ। ਸਲਾਨਾ ਰੀਪੋਰਟ ਦਾ ਪ੍ਰੋਫਾਰਮਾ ਕਮੇਟੀ ਵੱਲੋਂ ਭੇਜਿਆ ਜਾਵੇਗਾ, ਜਿਸ ਦੇ ਅਧਾਰ ਉਤੇ ਹੀ ਵਜ਼ੀਫਾ ਦਿੱਤਾ ਜਾਵੇਗਾ।
4. ਮਨਸੂਖ ਹੋਇਆ ਵਜ਼ੀਫਾ ਦੁਬਾਰਾ ਜਾਰੀ ਨਹੀਂ ਕੀਤਾ ਜਾਵੇਗਾ।
5. ਵਜ਼ੀਫਾ ਲੈ ਰਿਹਾ ਵਿਦਿਆਰਥੀ ਜਿੰਨਾ ਚਿਰ ਵਜ਼ੀਫਾ ਪ੍ਰਾਪਤ ਕਰ ਰਿਹਾ ਹੈ, ਉਨਾਂ ਚਿਰ ਹੋਰ ਕਿਸੇ ਪ੍ਰੀਖਿਆ ਵਿਚ ਨਹੀਂ ਬੈਠ ਸਕਦਾ।
6. ਪਹਿਲੇ ਦਰਜੇ ਤੋਂ ਬਿਨ੍ਹਾਂ ਹਰ ਵਿਦਿਆਰਥੀ ਲਈ ਜ਼ਰੂਰੀ ਹੈ ਕਿ ਪ੍ਰੀਖਿਆ ਵਿਚ ਪ੍ਰਵੇਸ਼ ਕਰਨ ਦੀ ਜਾਚਨਾ ਕਰਨ ਤੋਂ ਪਹਿਲਾਂ “ਅੰਮ੍ਰਿਤਧਾਰੀ” ਹੋਵੇ ਅਤੇ ਉਹ ਪ੍ਰਾਰਥਨਾ-ਪੱਤਰ ਨਾਲ “ਅੰਮ੍ਰਿਤ ਛਕਿਆ ਹੈ” ਦਾ ਸਰਟੀਫਿਕੇਟ ਸ਼ਾਮਲ ਕਰੇ। ਇਹ ਸ਼ਰਤ ਦੂਸਰੇ ਧਰਮਾਂ ਦੇ ਵਿਦਿਆਰਥੀਆਂ ਉਪਰ ਲਾਗੂ ਨਹੀਂ ਹੋਵੇਗੀ।
7. ਪਹਿਲੇ ਦਰਜ਼ੇ ਤੇ ਨੌਵੀਂ ਜਮਾਤ ਦੇ ਵਿਦਿਆਰਥੀ ਪੰਜ ਕਕਾਰ ਜਰੂਰ ਰੱਖਣ। ਦੂਜੇ ਧਰਮਾਂ ਦੇ ਵਿਦਿਆਰਥੀਆਂ ਉਪਰ ਇਹ ਸ਼ਰਤ ਲਾਗੂ ਨਹੀਂ ਹੋਵੇਗੀ।
8. ਪ੍ਰੀਖਿਆ ਵਿਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਲਈ ਪਾਸ ਹੋਣ ਵਾਸਤੇ ਹਰ ਪਰਚੇ ਵਿਚ 35% ਨੰਬਰ ਪ੍ਰਾਪਤ ਕਰਨੇ ਜ਼ਰੂਰੀ ਹਨ। ਐਗਰੀਗੇਟ ਵਿਚ 40% ਨੰਬਰ ਪਾਸ ਹੋਣ ਲਈ ਜ਼ਰੂਰੀ ਹਨ। ਜੇ ਕੋਈ ਵਿਦਿਆਰਥੀ ਇੱਕ ਨੰਬਰ ਕਰਕੇ ਫੇਲ ਹੋ ਰਿਹਾ ਹੈ ਤਾਂ ਇੱਕ ਨੰਬਰ ਉਸ ਨੂੰ ਗਰੇਸ ਵਜੋਂ ਐਗਰੀਗੇਟ ਵਿਚ ਦਿੱਤਾ ਜਾਵੇਗਾ।

# ਸਿਲੇਬਸ

ਪ੍ਰੀਖਿਆ ਦੇ ਸਮੂਹ ਦਰਜਿਆਂ ਦਾ ਸਿਲੇਬਸ ਉਮੀਦਵਾਰਾਂ ਦੀ ਜਾਣਕਾਰੀ ਹਿਤ ਹੇਠ ਦਰਜ ਕੀਤਾ ਜਾਂਦਾ ਹੈ। ਪਹਿਲੇ ਅਤੇ ਦੂਜੇ ਦਰਜੇ ਦੇ ਵਿਦਿਆਰਥੀਆਂ ਲਈ ਸਿਲੇਬਸ ਅਨੁਸਾਰ ਧਰਮ ਪੋਥੀਆਂ ਛਾਪ ਦਿੱਤੀਆਂ ਗਈਆਂ ਹਨ, ਜੋ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸ ਨਾਲ ਸਬੰਧਤ ਗੁਰਦੁਆਰਾ ਸਹਿਬਾਨ ਦੇ ਗੁਰਮਤਿ ਲਿਟ੍ਰੇਚਰ ਦੇ ਸਟਾਲਾਂ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਮਤਿਹਾਨ ਲਿਖਤੀ ਪਰਚਿਆਂ ਦੁਆਰਾ ਲਿਆ ਜਾਵੇਗਾ। ਜੇਕਰ ਵਿਦਿਆਰਥੀ ਦੀ ਜਾਤੀ ਰਹਿਤ-ਬਹਿਤ ਸਬੰਧੀ ਵਾਕਫੀਅਤ ਦੀ ਲੋੜ ਹੋਈ ਤਾਂ ਇਹ ਵਾਕਫੀਅਤ ਇਮਤਿਹਾਨ ਲੈਣ ਵਾਲੇ ਸੁਪਰਵਾਈਜਰ ਜਾਂ ਸਬੰਧਤ ਸੰਸਥਾ ਦੇ ਮੁਖੀ ਰਾਹੀਂ ਲਿਖਤੀ ਹਾਸਲ ਕੀਤੀ ਜਾਵੇਗੀ।

## ਪਹਿਲਾ ਦਰਜਾ

ਆਮ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲੇ ਦਰਜੇ ਲਈ ਛਾਪੀ ਧਰਮ ਪੋਥੀ ਅਨੁਸਾਰ:-

| | | |
|---|---|---|
| **ਸਮਾਂ 3 ਘੰਟੇ** | **ਪਰਚਾ ਪਹਿਲਾ-ਗੁਰਬਾਣੀ** | **ਨੰਬਰ 100** |
| (ੳ) ਕੰਠ ਬਾਣੀ: | ਜਪੁਜੀ ਸਾਹਿਬ, ਸੋਹਿਲਾ, ਰਹਰਾਸਿ | 50 |
| (ਅ) ਅਰਥ ਬਾਣੀਆਂ: | ਰਹਰਾਸਿ ਤੇ ਸੋਹਿਲਾ | 50 |
| **ਸਮਾਂ 3 ਘੰਟੇ** | **ਪਰਚਾ ਦੂਜਾ-ਸਿੱਖ ਇਤਿਹਾਸ** | **ਨੰਬਰ 100** |
| (ੳ) ਦਸ ਗੁਰੂ ਸਹਿਬਾਨ ਦੀਆਂ ਸੰਖੇਪ ਜੀਵਨੀਆਂ- | | 70 |
| (ਅ) ਹੇਠ ਅੰਕਤ ਸ਼ਹੀਦਾਂ ਦੇ ਪ੍ਰਸੰਗ ਤੇ ਜੀਵਨੀਆਂ- | | |
| ਭਾਈ ਮਤੀ ਦਾਸ, ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ ਜੀ ਬਹਾਦਰ | | |
| ਭਾਈ ਸ਼ਬੇਗ ਸਿੰਘ, ਭਾਈ ਸ਼ਹਿਬਾਜ ਸਿੰਘ, ਭਾਈ ਤਾਰੂ ਸਿੰਘ | | 30 |
| **ਸਮਾਂ 3 ਘੰਟੇ** | **ਪਰਚਾ ਤੀਜਾ-ਗੁਰਮਤਿ ਤੇ ਰਹਿਤ ਮਰਯਾਦਾ** | **ਨੰਬਰ 100** |
| ਹੇਠ ਲਿਖਿਆਂ ਬਾਰੇ ਬਹੁ-ਪੱਖੀ ਜਾਣਕਾਰੀ:- | | |
| (ੳ) ਪੰਜ ਪਿਆਰੇ, ਚਾਰ ਸਹਿਬਜ਼ਾਦੇ, ਪੰਜ ਕਕਾਰ, ਰਹਿਤ | | 40 |
| (ਅ) ਅੰਮ੍ਰਿਤ (ਖੰਡੇ ਦੀ ਪਾਹੁਲ) ਅਰਦਾਸ, ਕੀਰਤਨ, ਸਿੱਖ ਦੀ ਤਾਰੀਫ | | 40 |
| (ੲ) ਕੁਰਹਿਤਾਂ, ਤਨਖਾਹੀਆ, ਪਤਿਤ | | 20 |

## ਦੂਜਾ ਦਰਜਾ

ਆਮ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੂਜੇ ਦਰਜੇ ਲਈ ਛਪੀ ਧਰਮ ਪੋਥੀ 9,10 ਅਨੁਸਾਰ।

| | | |
|---|---|---|
| **ਸਮਾਂ 3 ਘੰਟੇ** | **ਪਰਚਾ ਪਹਿਲਾ-ਗੁਰਬਾਣੀ** | **ਨੰਬਰ 100** |
| (ੳ) ਕੰਠ ਬਾਣੀ: | ਜਪੁਜੀ ਸਾਹਿਬ, ਅਨੰਦ ਸਾਹਿਬ ਪੂਰਾ, ਸਵੱਈਏ (ਸ੍ਰਾਵਗ ਸ਼ੁੱਧ ਪਾ: ਦਸਵੀਂ), ਰਹਰਾਸਿ, ਸੋਹਿਲਾ | 40 |
| (ਅ) ਅਰਥ ਬਾਣੀ: | ਜਪੁਜੀ ਸਾਹਿਬ, ਅਨੰਦ ਸਾਹਿਬ ਪੂਰਾ, ਸਵੱਈਏ (ਸ੍ਰਾਵਗ ਸ਼ੁੱਧ ਪਾ: ਦਸਵੀਂ), ਰਹਰਾਸਿ, ਸੋਹਿਲਾ | 40 |

(ੲ) ਉਪ੍ਰੋਕਤ ਬਾਣੀਆਂ ਸਬੰਧੀ ਪ੍ਰਸ਼ਨ 20

**ਸਮਾਂ 3 ਘੰਟੇ ਪਰਚਾ ਦੂਜਾ–ਸਿੱਖ ਇਤਿਹਾਸ ਨੰਬਰ 100**

(ੳ) ਦਸ ਗੁਰੂ ਸਹਿਬਾਨ ਦਾ ਜੀਵਨ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵੱਲੋਂ ਛਪੀਆਂ ਪਹਿਲੇ ਤੇ ਦੂਜੇ ਦਰਜੇ ਲਈ ਧਰਮ ਪੋਥੀਆਂ ਅਨੁਸਾਰ) 30

(ਅ) ਸਿੱਖ ਨਾਇਕਾ ਦੀਆਂ ਜੀਵਨੀਆਂ: ਭਾਈ ਮਤੀ ਦਾਸ, ਭਾਈ ਦਿਆਲਾ, ਬਾਬਾ ਬੰਦਾ ਸਿੰਘ ਜੀ ਬਹਾਦਰ, ਬਾਬਾ ਬੋਤਾ ਸਿੰਘ, ਭਾਈ ਮਨੀ ਸਿੰਘ, ਭਾਈ ਸ਼ਬੇਗ ਸਿੰਘ, ਭਾਈ ਸ਼ਾਹਬਾਜ ਸਿੰਘ ਛੋਟਾ ਘੱਲੂਘਾਰਾ (1786), ਵੱਡਾ ਘੱਲੂਘਾਰਾ (1762) 20

(ੲ) ਨਵਾਬ ਕਪੂਰ ਸਿੰਘ, ਸ੍ਰ. ਜੱਸਾ ਸਿੰਘ ਆਹਲੂਵਾਲੀਆ, ਜੀਵਨ ਅਕਾਲੀ ਫੂਲਾ ਸਿੰਘ, ਬਾਬਾ ਦੀਪ ਸਿੰਘ, ਭਾਈ ਮਹਿਤਾਬ ਸਿੰਘ 30

(ਸ) ਇਤਿਹਾਸਕ ਸਿੱਖ ਮਿਸਲਾਂ 20

**ਸਮਾਂ 3 ਘੰਟੇ ਪਰਚਾ ਤੀਜਾ–ਗੁਰਮਤਿ ਤੇ ਰਹਿਤ ਮਰਯਾਦਾ ਨੰਬਰ 100**

ਹੇਠ ਦਿਤੇ ਵਿਸ਼ਿਆਂ ਦਾ ਅਧਿਐਨ

(ੳ) ਸਿੱਖ ਰਹਿਤ ਮਰਯਾਦਾ (ਪ੍ਰਕਾਸ਼ਕ ਸ਼੍ਰੋਮਣੀ ਗੁ:ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ। 40

(ਅ) ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਸਾਧ ਸੰਗਤ, ਅਰਦਾਸ ਦੀ ਮਹੱਤਤਾ, ਸਿਮਰਨ, ਸੇਵਾ, ਕੀਰਤਨ, ਅਕ੍ਰਿਤਘਣ 40

(ੲ) ਸਿੰਘ ਸਭਾ ਬਾਰੇ ਤੇ ਗੁਰਦੁਆਰਾ ਸੁਧਾਰ ਲਹਿਰ ਬਾਰੇ। 20

## ਤੀਜਾ ਦਰਜਾ

**ਸਮਾਂ 3 ਘੰਟੇ ਪਰਚਾ ਪਹਿਲਾ–ਗੁਰਬਾਣੀ ਨੰਬਰ 100**

(ੳ) ਕੰਠ ਕਰਨ ਵਾਲੀਆਂ ਬਾਣੀਆਂ-ਜਪੁਜੀ ਸਾਹਿਬ, ਜਾਪੁ ਸਾਹਿਬ, ਸੋਹਿਲਾ, ਰਹਰਾਸਿ ਦਸ ਸਵੀਈਏ (ਸ੍ਰਾਵਗ ਸੁੱਧ) 35

(ਅ) ਅਰਥ ਕਰਨ ਵਾਲੀਆ ਉਪ੍ਰੋਕਤ ਬਾਣੀਆ– ਭਾਰਹ ਮਾਹ, ਮਾਝ, ਅਨੰਦ ਸਾਹਿਬ 50

(ੲ) ਅੰਕ (ਅ) ਦੀਆਂ ਬਾਣੀਆਂ ਬਾਰੇ ਪ੍ਰਸ਼ਨ ਪੁਛੇ ਜਾਣਗੇ। 15

**ਸਹਾਇਕ ਪੁਸਤਕਾਂ–**

ਨਿਤਨੇਮ (ਸਟੀਕ) ਰਚਿਤ ਪ੍ਰੋ: ਕਰਤਾਰ ਸਿੰਘ

**ਸਮਾਂ 3 ਘੰਟੇ ਪਰਚਾ ਦੂਜਾ–ਸਿੱਖ ਇਤਿਹਾਸ ਨੰਬਰ 100**

(ੳ) ਦਸ ਗੁਰੂ ਸਾਹਿਬਾਨ ਜੀ ਦਾ ਜੀਵਨ 40

(ਅ) ਪ੍ਰਸਿੱਧ ਸਿੱਖ ਸ਼ਖਸੀਅਤਾਂ: ਭਾਈ ਮਰਦਾਨਾ ਜੀ, ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀਆਂ ਜੀਵਨੀਆਂ 25

(ੲ) ਸਿੱਖ ਇਤਿਹਾਸ ਭਾਵ ਮਹਾਰਾਜ ਰਣਜੀਤ ਸਿੰਘ ਜੀ, ਸਿੱਖਾ ਦੀ ਅੰਗਰੇਜਾਂ ਨਾਲ ਪਹਿਲੀ ਜੰਗ, ਸਿੱਖਾਂ ਦੀ ਅੰਗਰੇਜਾਂ ਨਾਲ ਦੂਜੀ ਜੰਗ। 25

(ਸ) ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ , 10

ਅਕਾਲੀ ਲਹਿਰ ਦਾ ਅਧਿਅਐਨ ,

(ਹ) ਸਹਾਇਤਾ ਪੁਸਤਕਾਂ– ਸਿੱਖ ਇਤਿਹਾਸ ਭਾਗ ਪਹਿਲਾ ਤੇ ਦੂਜਾ

ਰਚਿਤ ਪ੍ਰੋ: ਕਰਤਾਰ ਸਿੰਘ

(ਕ) 'ਸੌ ਸਵਾਲ ਸੌ ਜਵਾਬ' ਰਚਿਤ ਪ੍ਰਿੰਸੀਪਲ ਸਤਿਬੀਰ ਸਿੰਘ।

**ਸਮਾਂ 3 ਘੰਟੇ ਪਰਚਾ ਤੀਜਾ-ਗੁਰਮਤਿ ਤੇ ਰਹਿਤ ਮਰਯਾਦਾ ਨੰਬਰ 100**

(ੳ) ਸਿੱਖ ਰਹਿਤ ਮਰਯਾਦਾ (ਪ੍ਰਕਾਸ਼ਕ-ਸ਼੍ਰੋਮਣੀ ਗੁ:ਪ੍ਰ:ਕਮੇਟੀ) 35

(ਅ) ਗੁਰਮਤਿ ਦਰਸ਼ਨ (ਪ੍ਰਕਾਸ਼ਕ-ਸ਼੍ਰੋਮਣੀ ਗੁ:ਪ੍ਰ:ਕਮੇਟੀ) 20

(ੲ) ਨਾਮ, ਗੁਰੂ ,ਸੇਵਾ, ਸਿਮਰਨ, ਕੀਰਤਨ ,ਅੰਮ੍ਰਿਤ ,ਦੁਸਵੰਧ,
ਖਾਲਸਾ ਤੇ ਅਰਦਾਸ ਬਾਰੇ ਵਿਸ਼ੇਸ ਵਿਚਾਰ ।

(ਸ) ਸਿੱਖ ਧਰਮ ਨਾਲ ਵਾਪਰੇ ਪਿਛਲੇ 25 ਸਾਲਾ ਦੇ ਹਾਲਾਤ ਬਾਰੇ ਵਾਕਫੀ

**ਸਹਾਇਕ ਪੁਸਤਕਾਂ**

1. Quintesnce of Sikhism-Pubpished by Shriomani Gurdwara Parbandhak Committee.
2. A Short History of the Sikhs by Teja Singh and Ganda Singh.
3. ਗੁਰਮਤਿ ਮਾਰਤੰਡ ਰਚਿਤ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ 'ਨਾਭਾ' (ਪ੍ਰਕਾਸ਼ਕ ਸ਼ੋਮਣੀ ਕਮੇਟੀ)।

## ਚੌਥਾ ਦਰਜਾ

**ਸਮਾਂ 3 ਘੰਟੇ ਪਰਚਾ ਪਹਿਲਾ-ਗੁਰਬਾਣੀ ਨੰਬਰ 100**

(ੳ) ਕੰਠ ਬਾਣੀਆ-ਜਪੁਜੀ ਸਾਹਿਬ, ਅਨੰਦ ਸਾਹਿਬ, ਜਾਪੁ ਸਾਹਿਬ
ਅਕਾਲ ਉਸਤਤ ਤੇ ਆਸਾ ਦੀ ਵਾਰ 40

(ਅ) ਅਰਥ ਬਾਣੀ-ਆਸਾ ਦੀ ਵਾਰ, ਸੁਖਮਨੀ ਸਾਹਿਬ, ਸਿਧ ਗੋਸਟਿ ਤੇ ਰਹਰਾਸਿ ਸਾਹਿਬ 40

(ੲ) ਅੰਕ (ੳ ਤੇ ਅ) ਦੀਆਂ ਬਾਣੀਆਂ ਬਾਰੇ ਜਨਰਲ ਪ੍ਰਸ਼ਨ 20

ਸ਼ਹਾਇਕ ਪੁਸਤਕਾਂ- ਨਿਤਨੇਮ ਸਟੀਕ-ਰਚਿਤ (ਪ੍ਰੋ:ਕਰਤਾਰ ਸਿੰਘ ਐਮ.ਏ.)

ਆਸਾ ਦੀ ਵਾਰ ਸਟੀਕ-(ਪ੍ਰਕਾਸ਼ਕ: ਸ਼੍ਰੋਮਣੀ ਗੁ:ਪ੍ਰ: ਕਮੇਟੀ)

**ਸਮਾਂ 3 ਘੰਟੇ ਪਰਚਾ ਦੂਜਾ-ਸਿੱਖ ਇਤਿਹਾਸ ਨੰਬਰ 100**

(ੳ) ਦਸ ਗੁਰੂ ਸਾਹਿਬਾਨ ਜੀ ਦਾ ਵਿਸਥਾਰ ਪੂਰਵਕ ਜੀਵਨ 30

(ਅ) ਜੀਵਨੀ ਪ੍ਰਸਿੱਧ ਸਿੱਖ ਨਾਇਕ ਵਿਆਕਤੀ ਤੇ ਭਗਤ ਸਾਹਿਬਾਨ:- 30
ਭਾਈ ਘਨਈਆ ਜੀ, ਭਾਈ ਨੰਦ ਲਾਲ ਜੀ, ਬਾਬਾ ਦੀਪ ਸਿੰਘ ਜੀ, ਮਾਤਾ ਭਾਗੋ ਜੀ,
ਬੀਬੀ ਵੀਰੋ ਜੀ, ਬੀਬੀ ਭਾਨੀ ਜੀ, ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਧੰਨਾ ਜੀ,
ਭਗਤ ਰਵਿਦਾਸ ਜੀ ਅਤੇ ਬਾਬਾ ਸ਼ੇਖ ਫਰੀਦ ਜੀ

(ੲ) ਅਠਾਰਵੀਂ ਅਤੇ ਉਨਵੀਂ ਸਦੀ ਦਾ ਸਿੱਖ ਇਤਿਹਾਸ 40
ਸ਼ਹਾਇਕ ਪੁਸਤਕ-ਪ੍ਰਿੰਸੀਪਲ ਸਤਿਬੀਰ ਸਿੰਘ ਜੀ,

ਪ੍ਰੋਫੈਸਰ ਕਰਤਾਰ ਸਿੰਘ ਜੀ ਐਮ.ਏ.

ਬਾਬਾ ਬੰਦਾ ਸਿੰਘ ਜੀ ਬਹਾਦਰ-ਪ੍ਰੋਫੈਸਰ ਗੰਡਾ ਸਿੰਘ

ਜੱਸਾ ਸਿੰਘ ਆਹਲੂਵਾਲੀਆ-ਪ੍ਰੋਫੈਸਰ ਗੰਡਾ ਸਿੰਘ

| **ਸਮਾਂ 3 ਘੰਟੇ** | **ਪਰਚਾ ਦੂਜਾ–ਸਿੱਖ ਇਤਿਹਾਸ** | **ਨੰਬਰ 100** |
|---|---|---|

(ੳ) ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੁਆਰਾ ਪ੍ਰਕਾਸ਼ਕ (ਸਿੱਖ ਰਹਿਤ ਮਰਯਾਦਾ) 30

(ਅ) ਅਕਾਲ ਪੁਰਖ, ਕੁਦਰਤ, ਜੀਵ-ਮਨੁੱਖ, ਗੁਰੂ, ਸੇਵਾ, ਗੁਰਮੁੱਖ, ਹਉਮੈ, ਨਦਰ, ਹੁਕਮ, ਸੰਗਤ, ਪੰਜ ਖੰਡ, ਗੁਰਮਤਿ ਭਗਤੀ, ਖਾਲਸਾ, ਕੀਰਤਨ, ਅੰਮ੍ਰਿਤ, ਸਿਮਰਨ, ਅਰਦਾਸ ਤੇ ਗੁਰਮਤਿ ਸੰਕਲਪਾਂ ਦਾ ਵਿਸ਼ੇਸ ਅਧਿਐਨ 40

(ੲ) 20ਵੀਂ ਸਦੀ ਵਿਚ ਵਾਪਰਨ ਵਾਲੇ ਸਿੱਖ ਧਰਮ ਨਾਲ ਸਬੰਧਤ ਘਟਨਾਵਾਂ ਬਾਰੇ ਵਿਸਥਾਰ ਪੂਰਵਕ ਵਕਫੀ 30

ਸਹਾਇਕ ਪੁਸਤਕਾਂ-ਗੁਰਮਤਿ ਦਰਸ਼ਨ-ਪ੍ਰਕਾਸ਼ਕ, ਸ਼੍ਰੋਮਣੀ ਗੁ:ਪ੍ਰ: ਕਮੇਟੀ।
ਸਿੱਖ ਰਹਿਤ ਮਰਯਾਦਾ-ਪ੍ਰਕਾਸ਼ਕ, ਸ਼੍ਰੋਮਣੀ ਗੁ:ਪ੍ਰ: ਕਮੇਟੀ।
ਸਿਖ ਧਰਮ ਦਰਸ਼ਨ-ਸਰਦੂਲ ਸਿੰਘ ਕਵੀਸ਼ਰ।